# ਭੂਮਿਕਾ

ਮੈਂ ਆਪਣੀ ਐਮ. ਏ. ਦੀ ਪੜ੍ਹਾਈ ਦੇ ਦੌਰਾਨ ਅਤੇ ਉਸ ਤੋਂ ਬਾਅਦ ਭਾਸ਼ਾ ਵਿਗਿਆਨ ਦੀਆਂ ਕਈ ਕਿਤਾਬਾਂ ਪੜ੍ਹਦੀ ਰਹੀ ਹਾਂ ਅਤੇ ਮੇਰੇ ਅਧਿਆਪਕਾਂ ਵਲੋਂ ਵੀ ਮੈਨੂੰ ਭਾਸ਼ਾ ਅਧਿਐਨ ਪ੍ਰਤੀ ਹਰ ਮੁਸ਼ਕਲ ਸੁਲਝਾਉਣ ਦਾ ਸਹਿਯੋਗ ਮਿਲਦਾ ਰਿਹਾ ਹੈ। ਜਿਸ ਕਾਰਨ ਮੈਂ ਇਸ ਪਾਸੇ ਵੱਲ ਰੁਚਿਤ ਰਹੀ। ਇਸ ਕਾਰਨ ਮੇਰੇ ਮਨ ਵਿਚ ਉਦੋਂ ਹੀ ਇਹ ਵਿਚਾਰ ਪੈਦਾ ਹੋ ਗਿਆ ਸੀ ਕਿ ਮੈਂ ਭਾਸ਼ਾ ਨਾਲ ਸੰਬੰਧਿਤ ਵਿਸ਼ੇ ਉੱਪਰ ਹੀ ਖੋਜ ਕਰਾਂਗੀ। ਇਸ ਲਈ ਆਪਣੇ ਖੋਜ ਪ੍ਰਬੰਧ ਦਾ ਖੇਤਰ ਸਮਾਜ ਭਾਸ਼ਾ ਵਿਗਿਆਨ ਚੁਣਿਆ ਹੈ। ਇਸ ਖੋਜ ਪ੍ਰਬੰਧ ਵਿਚ ਮੈਂ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਸਾਹਿਤ ਦਾ ਅਧਿਐਨ ਕੀਤਾ ਹੈ। ਇਸ ਖੇਤਰ ਵਿਚ ਖੋਜ ਦੀ ਪੂਰਤੀ ਕਰਨ ਲਈ ਮੈਂ ਜਸਵੰਤ ਸਿੰਘ ਕੰਵਲ ਦੇ ਦੋ ਨਾਵਲਾਂ ***ਹਾਣੀ*** ਅਤੇ ***ਰਾਤ ਬਾਕੀ ਹੈ*** ਨੂੰ ਚੁਣਿਆ। ਇਨ੍ਹਾਂ ਦੋਹਾਂ ਨਾਵਲਾਂ ਵਿਚ ਹੀ ਪੇਂਡੂ ਲੋਕਾਂ ਦੀ ਸਮੁੱਚੀ ਜ਼ਿੰਦਗੀ ਦਾ ਚਿਤਰ ਮਿਲਦਾ ਹੈ। ਇਨ੍ਹਾਂ ਦੋਨਾਂ ਨਾਵਲਾਂ ਦੀ ਕਹਾਣੀ 1947 ਤੋਂ ਲੈ ਕੇ 1960 ਤੱਕ ਦੇ ਪੰਜਾਬ ਦੇ ਇਤਿਹਾਸਕ ਸੰਦਰਭ ਨਾਲ ਜੁੜੀ ਹੋਈ ਹੈ। ਇਨ੍ਹਾਂ ਨਾਵਲਾਂ ਦੇ ਪਾਤਰਾਂ ਦੀ ਬੋਲੀ ਜਾਂ ਭਾਸ਼ਾ ਰਾਹੀਂ ਸਮਾਜ ਦਾ ਵਰਤਾਰਾ ਵਿਆਪਕ ਪੱਧਰ ਉਪਰ ਉਘੜਦਾ ਪ੍ਰਤੀਤ ਹੁੰਦਾ ਹੈ। ਨਾਵਲ ***ਹਾਣੀ*** ਵਿਚ ਕੰਵਲ ਨੇ ਪਾਤਰਾਂ ਦੇ ਨਿਮਨ ਕਿਸਾਨੀ ਜੀਵਨ ਨੂੰ ਸੱਭਿਆਚਾਰਕ ਸੰਦਰਭ ਤੋਂ ਪੇਸ਼ ਕਰਦੇ ਹੋਏ ਗੈਰ ਕਾਸ਼ਤਕਾਰ ਅਤੇ ਬੇਜ਼ਮੀਨੇ ਲੋਕਾਂ ਦੀ ਕਾਰਗੁਜ਼ਾਰੀ ਨੂੰ ਪੇਸ਼ ਕੀਤਾ ਹੈ। ਜਿਸ ਵਿਚੋਂ ਗੈਰ ਜੱਟ, ਨਿਮਨ ਜਾਤੀਆਂ ਤੇ ਕਿਰਸਾਨੀ ਨਾਲ ਸੰਬੰਧਿਤ ਲੋਕਾਂ ਦੀ ਭਾਸ਼ਾ ਦੀ ਵਾਸਤਵਿਕ ਤਸਵੀਰ ਉਘੜਦੀ ਹੈ। ***ਰਾਤ ਬਾਕੀ ਹੈ*** ਨਾਵਲ ਕਿਸਾਨੀ ਦੀ ਸਮੁੱਚੀ ਜ਼ਿੰਦਗੀ, ਸਿਆਸੀ ਚੇਤਨਾ ਅਤੇ ਮੁਜ਼ਾਰਾ ਲਹਿਰ ਦੀ ਪੇਸ਼ਕਾਰੀ ਕਰਦਾ ਹੈ। ਇਨ੍ਹਾਂ ਦੋਨਾਂ ਨਾਵਲਾਂ ਵਿਚ ਮਲਵਈ ਭਾਸ਼ਾ ਦੀ ਬਹੁਲਤਾ ਹੈ। ਇਸੇ ਕਰਕੇ ਮਲਵਈ ਭਾਸ਼ਾ ਦੇ ਵੱਖੋ-ਵੱਖਰੇ ਰਜਿਸਟਰ ਇਨ੍ਹਾਂ ਨਾਵਲਾਂ ਵਿਚੋਂ ਮਿਲਦੇ ਹਨ।

ਮੇਰੇ ਖੋਜ ਪ੍ਰਬੰਧ *ਜਸਵੰਤ ਸਿੰਘ ਕੰਵਲ ਦੇ ਨਾਵਲਾਂ 'ਹਾਣੀ' ਅਤੇ 'ਰਾਤ ਬਾਕੀ ਹੈ' ਦਾ ਸਭਿਆਚਾਰਕ ਅਤੇ ਸਮਾਜ ਭਾਸ਼ਾ ਵਿਗਿਆਨਕ ਅਧਿਐਨ* ਦਾ ਪਹਿਲਾ ਪੱਖ ਸਿਧਾਂਤਕ ਹੈ ਅਤੇ ਦੂਸਰਾ ਵਿਹਾਰਕ ਇਸ ਖੋਜ ਪ੍ਰਬੰਧ ਦੇ ਚਾਰ ਅਧਿਆਇ ਹਨ।

ਪਹਿਲਾ ਅਧਿਆਇ 'ਭਾਸ਼ਾ, ਸਮਾਜ ਅਤੇ ਸਮਾਜ ਭਾਸ਼ਾ ਵਿਗਿਆਨ' ਹੈ ਜਿਸ ਨੂੰ ਅੱਗੋਂ ਮੈਂ ਚਾਰ ਭਾਗਾਂ ਵਿਚ ਵੰਡਿਆ ਹੈ ਅਤੇ ਇਸ ਦੇ ਪਹਿਲੇ ਭਾਗ ਵਿਚ ਮੈਂ ਭਾਸ਼ਾ ਬਾਰੇ ਵਿਚਾਰ ਕੀਤੀ ਹੈ ਕਿ ਭਾਸ਼ਾ ਮਨੁੱਖ ਸਿਰਜਤ ਵਰਤਾਰਾ ਹੈ। ਇਹ ਕੋਈ ਕੁਦਰਤੀ ਦਾਤ ਨਹੀਂ। ਇਸ ਕਰਕੇ ਇਸਦਾ ਮਨੁੱਖੀ ਜਨਮ ਨਾਲ ਕੋਈ ਨੇੜੇ ਦਾ ਸੰਬੰਧ ਨਹੀਂ ਸਗੋਂ ਇਹ ਤਾਂ ਸਿੱਖੀ ਜਾਂਦੀ ਹੈ ਤੇ ਸਮਾਜ ਦੇ ਸਹਾਰੇ ਪ੍ਰਾਪਤ ਕੀਤੀ ਜਾਂਦੀ ਹੈ ਲੇਕਿਨ ਭਾਸ਼ਾ ਨੂੰ ਸਿਖਣ ਦੀ ਸ਼ਕਤੀ ਮਨੁੱਖ ਨੂੰ ਜਨਮ ਤੋਂ ਹੀ ਮਿਲੀ ਹੁੰਦੀ ਹੈ। ਜਿਸ ਸਮਾਜ ਵਿਚ ਬੱਚਾ ਜੰਮਦਾ ਹੈ ਅਤੇ ਜਿਥੇ ਉਸਦੀ ਪਾਲਣਾ ਹੁੰਦੀ ਹੈ, ਉਹ ਉਸੇ ਸਮਾਜ ਦੀ ਬੋਲੀ ਨੂੰ ਅਪਣਾਉਂਦਾ ਹੈ। ਉਸੇ ਬੋਲੀ ਜਾਂ ਭਾਸ਼ਾ ਨੂੰ ਆਪਣੇ ਸੰਚਾਰ ਜਾਂ ਵਿਚਾਰ ਵਟਾਂਦਰੇ ਦਾ ਮਾਧਿਅਮ ਬਣਾਉਂਦਾ ਹੈ। ਜਿਸ ਨਾਲ ਵਕਤੇ ਅਤੇ ਸਰੋਤੇ ਦਰਮਿਆਨ ਪ੍ਰਵਚਨ ਵੀ ਸੰਭਵ ਹੁੰਦਾ ਹੈ। ਇਸੇ ਭਾਗ ਵਿਚ ਹੀ ਮੈਂ ਭਾਸ਼ਾ ਦੇ ਭਾਸ਼ਿਕ ਅਤੇ ਗੈਰ ਭਾਸ਼ਿਕ ਸਿਸਟਮਾਂ (ਸਪੱਰਸ਼, ਧੁਨੀ, ਰੂਪ) ਉਪਰ ਵੀ ਵਿਚਾਰ ਕੀਤੀ ਹੈ।

ਇਸ ਅਧਿਆਇ ਦੇ ਦੂਸਰੇ ਭਾਗ ਵਿਚ ਭਾਸ਼ਾ, ਸਮਾਜ ਅਤੇ ਸਭਿਆਚਾਰ ਦੇ ਅੰਤਰ ਸੰਬੰਧਾਂ ਦੀ ਸਿਧਾਂਤਕ ਪੱਧਰ ਤੇ ਚਰਚਾ ਕੀਤੀ ਹੈ। ਇਕ ਸਮੂਹ ਵਿਚ ਵਿਅਕਤੀਆਂ ਦੇ ਆਪਸੀ ਸੰਬੰਧਾਂ ਦੇ ਤਾਣੇ-ਬਾਣੇ ਨੂੰ 'ਸਮਾਜ' ਦਾ ਨਾਂ ਦਿੱਤਾ ਜਾਂਦਾ ਹੈ। ਜੇ ਭਾਸ਼ਾ ਨਾ ਹੁੰਦੀ ਤਾਂ ਸਮਾਜ ਦਾ ਵਿਕਾਸ ਅਸੰਭਵ ਸੀ ਕਿਉਂਕਿ ਭਾਸ਼ਾ ਰਾਹੀਂ ਹੀ ਸਮਾਜ ਦੇ ਸਾਰੇ ਕਾਰ-ਵਿਹਾਰ ਸੰਭਵ ਹੁੰਦੇ ਹਨ। ਸਮਾਜ ਦੇ ਸਮੁੱਚੇ ਵਰਤਾਰੇ ਦੀ ਜਾਣਕਾਰੀ ਭਾਸ਼ਾ ਤੋਂ ਹੀ ਹੁੰਦੀ ਹੈ। ਭਾਸ਼ਾ ਦੀ ਸਮੁੱਚੀ ਬਣਤਰ ਨੂੰ ਸਮਝਣ ਲਈ ਉਸ ਸਮਾਜ ਦੀਆਂ ਸਮਾਜਿਕ ਰੀਤਾਂ, ਰਸਮਾਂ, ਰਿਵਾਜ਼ ਆਦਿ ਸਭਿਆਚਾਰ ਦੀ ਜਾਣਕਾਰੀ ਹੋਈ ਬੜੀ ਜ਼ਰੂਰੀ ਹੈ। ਕਿਸੇ ਸਮਾਜਿਕ ਸਮੂਹ ਵਿਚ ਸ਼ਾਮਲ ਵਿਅਕਤੀਆਂ ਦੇ ਵਤੀਰੇ ਨੂੰ ਅਸੀਂ ਸਭਿਆਚਾਰ ਦਾ ਨਾਂ ਦਿੰਦੇ ਹਾਂ। ਭਾਸ਼ਾ ਅਤੇ ਸਭਿਆਚਾਰ ਦੋਨੋਂ ਹੀ ਪਰਿਵਰਤਨਸ਼ੀਲ ਅਤੇ ਵਿਕਾਸਸ਼ੀਲ ਵਰਤਾਰੇ ਹਨ ਹਰ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ

ਤੋਂ ਸਭਿਆਚਾਰ ਗ੍ਰਹਿਣ ਕਰਦੀ ਹੈ ਅਤੇ ਇਸ ਵਿਚ ਆਪਣੇ ਜੀਵਨ-ਅਨੁਭਵਾਂ ਨੂੰ ਸਮੋ ਕੇ ਅਗਲੀ ਪੀੜ੍ਹੀ ਨੂੰ ਇਹ ਸਭਿਆਚਾਰਕ ਵਿਰਸਾ ਸੌਂਪ ਦਿੰਦੀ ਹੈ। ਕਿਸੇ ਸਮਾਜ ਦੇ ਸਭਿਆਚਾਰ ਨੂੰ ਉਸਦੀ ਭਾਸ਼ਾ ਵਿਸ਼ੇਸ਼ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਇਸ ਕਰਕੇ ਕਿਸੇ ਦੂਸਰੇ ਸਭਿਆਚਾਰ ਨੂੰ ਪ੍ਰਗਟਾਉਣ ਦੀ ਸਹੀ ਯੋਗਤਾ ਕਿਸੇ ਵੀ ਭਾਸ਼ਾ ਵਿਚ ਨਹੀਂ ਹੁੰਦੀ। ਇਸ ਕਰਕੇ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਅਨੁਵਾਦ ਸਿਰਫ਼ ਵਾਕਾਂ ਜਾਂ ਸ਼ਬਦਾਂ ਦਾ ਹੀ ਨਹੀਂ ਕਰਨਾ ਹੁੰਦਾ ਸਗੋਂ ਉਨ੍ਹਾਂ ਸਮਾਜਿਕ ਭਾਵਨਾਵਾਂ ਅਤੇ ਸਭਿਆਚਾਰਕ ਸੰਕਲਪਾਂ ਦਾ ਵੀ ਕਰਨਾ ਹੁੰਦਾ ਹੈ ਜੋ ਕੇਵਲ ਮੂਲ ਭਾਸ਼ਾ ਰਾਹੀਂ ਹੀ ਦਰਸਾਏ ਜਾ ਸਕਦੇ ਹਨ। ਇਸੇ ਕਰਕੇ ਇਹ ਕਿਹਾ ਜਾਂਦਾ ਹੈ ਕਿ ਹਰ ਭਾਸ਼ਾ ਆਪਣੇ ਸਭਿਆਚਾਰ ਦੇ ਸੰਦਰਭ ਵਿਚ ਹੀ ਅਰਥ ਰੱਖਦੀ ਹੈ। ਸਮਾਜ ਵਿਗਿਆਨੀਆਂ ਅਨੁਸਾਰ ਭਾਸ਼ਾ ਦੀ ਆਤਮ ਕਥਾ ਵਿਚ ਸਮੁੱਚੀ ਮਨੁੱਖੀ ਸੱਭਿਅਤਾ ਹੁੰਗਾਰਾ ਭਰਦੀ ਹੈ ਅਤੇ ਉਨ੍ਹਾਂ ਨੇ ਭਾਸ਼ਾ ਨੂੰ ਸਮਾਜਿਕ ਵਰਤਾਰਾ ਕਿਹਾ ਹੈ।

ਇਸ ਅਧਿਆਇ ਦੇ ਤੀਜੇ ਭਾਗ ਵਿਚ ਸਮਾਜ ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਅਤੇ ਇਸਦੇ ਪ੍ਰਮੁੱਖ ਪ੍ਰਵਰਗਾਂ ਬਾਰੇ ਵਿਚਾਰ ਕੀਤੀ ਗਈ ਹੈ। ਸਮਾਜ ਭਾਸ਼ਾ ਵਿਗਿਆਨ ਭਾਸ਼ਾ ਵਿਗਿਆਨ ਦੀ ਹੀ ਇਕ ਸ਼ਾਖਾ ਹੈ। ਇਹ ਭਾਸ਼ਾ ਦੀ ਸਮਾਜਿਕ ਅਤੇ ਸਭਿਆਚਾਰਕ ਵਰਤੋਂ ਸੰਬੰਧੀ ਜਾਣਕਾਰੀ ਦਿੰਦਾ ਹੈ। ਸਮਾਜ ਭਾਸ਼ਾ ਵਿਗਿਆਨ ਭਾਸ਼ਾ ਦੀ ਵਾਸਤਵਿਕ ਵਰਤੋਂ ਨਾਲ ਸੰਬੰਧਿਤ ਹੈ। ਇਸ ਦਾ ਮੁੱਖ ਆਸ਼ਾ ਸਮਾਜਿਕ ਵਰਤੋਂ ਦੇ ਵੱਖੋ-ਵੱਖਰੇ ਪੱਖਾਂ ਅਨੁਸਾਰ ਭਾਸ਼ਾ ਵਰਤੋਂ ਦੀਆਂ ਪ੍ਰੰਪਰਾਵਾਂ ਨੂੰ ਜਾਣਨਾ ਹੈ। ਜਿਸ ਕਰਕੇ ਇਸ ਵਿਚ ਮੈਂ ਭਾਸ਼ਾ ਅਤੇ ਸਮਾਜ ਦੇ ਦਰਮਿਆਨ ਵਿਭਿੰਨ ਰਿਸ਼ਤਿਆਂ ਦੇ ਸਭਿਆਚਾਰਕ ਪੱਖ ਭਾਸ਼ਾ, ਸਮਾਜ ਅਤੇ ਸਭਿਆਚਾਰ ਨੂੰ ਹੀ ਪ੍ਰਗਟਾਇਆ ਹੈ। ਸਮਾਜ ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਬਾਰੇ ਦੱਸਦੇ ਹੋਏ ਭਾਸ਼ਾ ਦੇ ਪ੍ਰਮੁੱਖ ਪ੍ਰਵਰਗਾਂ ਵਿਅਕਤੀ ਭਾਸ਼ਾ, ਅਪਭਾਸ਼ਾ, ਗੁਪਤ ਭਾਸ਼ਾ, ਪਿਜਿਨ, ਕ੍ਰਿਓਲ ਅਤੇ ਰਜਿਸਟਰ ਬਾਰੇ ਵਿਸਥਾਰ ਸਹਿਤ ਵਰਣਨ ਕੀਤਾ ਹੈ।

ਇਸ ਅਧਿਆਇ ਦੇ ਚੌਥੇ ਭਾਗ ਵਿਚ ਸਮਾਜ ਭਾਸ਼ਾ ਵਿਗਿਆਨ ਦੀਆਂ ਸੀਮਾਵਾਂ ਉਪਰ ਚਰਚਾ ਕੀਤੀ ਹੈ। ਜਿਥੋਂ ਤੱਕ ਸਮਾਜ ਭਾਸ਼ਾ ਵਿਗਿਆਨ ਦੀਆਂ ਸੀਮਾਵਾਂ ਦਾ ਸੰਬੰਧ ਹੈ

ਉਸ ਪੱਖ ਤੋਂ ਦੇਖਿਆ ਜਾਵੇ ਤਾਂ ਸਮਾਜ ਭਾਸ਼ਾ ਵਿਗਿਆਨ ਦਾ ਅਧਿਐਨ ਸਮਾਜ ਦੇ ਬਹੁ-ਪਸਾਰੀ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। ਸਮਾਜ ਭਾਸ਼ਾ ਵਿਗਿਆਨ 'ਸਮਾਜ' ਅਤੇ 'ਭਾਸ਼ਾ' ਦਾ ਆਪਸੀ ਸੁਮੇਲ ਹੈ। ਇਸੇ ਕਰਕੇ ਇਸਦੀ ਸੰਰਚਨਾ ਭਾਸ਼ਾ ਅਤੇ ਸਮਾਜ ਉਪਰ ਹੀ ਨਿਰਭਰ ਕਰਦੀ ਹੈ। ਸਮਾਜ ਭਾਸ਼ਾ ਵਿਗਿਆਨ ਦੀਆਂ ਸੀਮਾਵਾਂ ਦਾ ਅਧਿਐਨ ਕਰਨ ਸਮੇਂ 'ਸਮਾਜ' ਅਤੇ 'ਸਭਿਆਚਾਰ' ਦੇ ਸੰਦਰਭ ਵਿਚ ਵੱਖੋ-ਵੱਖਰੇ ਭਾਸ਼ਾ ਵਿਗਿਆਨਕ ਉਚਾਰਨਾ ਦੀ ਪੜਤਾਲ ਕੀਤੀ ਹੈ। ਜਿੰਨਾਂ ਵਿਚ ਇਹ ਦੇਖਿਆ ਜਾਂਦਾ ਹੈ ਕਿ ਰੋਜ਼ਾਨਾ ਆਦਾਨ ਪ੍ਰਦਾਨ ਵਿਚ ਸੰਬੰਧਿਤ ਸਭਿਆਚਾਰਾਂ, ਸਮਾਜਾਂ, ਸਮਾਜਿਕ ਸਮੂਹਾਂ, ਭਾਸ਼ਾਈ ਸਮੂਹਾਂ ਅਤੇ ਭਾਸ਼ਾਵਾਂ ਆਦਿ ਵਿਚ ਕਿਸ-ਕਿਸ ਪ੍ਰਕਾਰ ਦੇ ਵੱਖੋ-ਵੱਖਰੇ ਉਚਾਰਨ ਮਿਲਦੇ ਹਨ। ਸੋ ਭਾਸ਼ਾ ਵਿਗਿਆਨਕ ਅਨੇਕਰੂਪਤਾ ਹੀ ਸਮਾਜ ਭਾਸ਼ਾ ਵਿਗਿਆਨੀਆਂ ਦੀ ਵਿਸ਼ਾ ਵਸਤੂ ਹੁੰਦੀ ਹੈ, ਇਸੇ ਕਰਕੇ ਸਮਾਜ ਭਾਸ਼ਾ ਵਿਗਿਆਨ ਦੀਆਂ ਸੀਮਾਵਾਂ ਬੜੀਆਂ ਵਿਸ਼ਾਲ ਹਨ। ਇਸਦੇ ਘੇਰੇ ਦਾ ਮੂਲ ਆਧਾਰ ਭਾਸ਼ਾਈ ਅਨੇਕਰੂਪਤਾ ਹੈ। ਕੋਈ ਵੀ ਸਮਾਜ ਵਿਅਕਤੀਆਂ ਦਾ ਸਮੂਹ ਜਾਂ ਜੋੜ ਹੁੰਦਾ ਹੈ। ਇਹ ਵਿਅਕਤੀ ਕਿਸੇ ਦਿੱਤੇ ਹੋਏ ਖੇਤਰ ਵਿਚ ਇਕੱਠੇ ਰਹਿੰਦੇ ਹਨ। ਇਸ ਵਿਚ ਮੈਂ ਉਨ੍ਹਾਂ ਦੀ ਬੋਲੀ ਅਤੇ ਸਭਿਆਚਾਰ ਵਿਚ ਸਾਂਝ ਦੇ ਬਾਵਜੂਦ ਵੀ ਕਿੱਤੇ, ਜਾਤੀ, ਵਿੱਦਿਆ, ਨਿਮਨ ਵਰਗ, ਮੱਧ ਵਰਗ ਅਤੇ ਉੱਚ ਵਰਗ ਨੂੰ ਆਧਾਰ ਬਣਾਇਆ ਹੈ। ਇਨ੍ਹਾਂ ਵਰਗਾਂ ਨੂੰ ਆਧਾਰ ਬਣਾ ਕੇ ਖੇਤਰ, ਵਿਧੀ ਅਤੇ ਸੁਭਾ ਦੇ ਨਾਲ ਨਾਲ ਰਜਿਸਟਰਾਂ ਦੀ ਵੀ ਕਲਪਨਾ ਕੀਤੀ ਹੈ। ਇਨ੍ਹਾਂ (ਧਾਰਮਿਕ, ਸਮਾਜਿਕ, ਆਰਥਿਕ, ਯਥਾਰਥਕ, ਰਾਜਨੀਤਕ ਅਤੇ ਕਲਪਨਾਤਮਕ) ਸਭ ਪ੍ਰਕਾਰ ਦੇ ਰਜਿਸਟਰਾਂ ਮੁਤਾਬਕ ਭਾਸ਼ਾ ਵਿਚ ਕਿਸ ਤਰ੍ਹਾਂ ਪਰਿਵਰਤਨ ਆਉਂਦਾ ਹੈ, ਬਾਰੇ ਵਿਚਾਰ ਕੀਤੀ ਹੈ।

ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਵਿਚ ਮੈਂ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚਲੇ ਪਾਤਰਾਂ ਦੀ ਬੋਲਚਾਲ ਦੀ ਭਾਸ਼ਾ ਦਾ ਸਭਿਆਚਾਰਿਕ ਅਤੇ ਸਮਾਜ ਭਾਸ਼ਾ ਵਿਗਿਆਨਕ ਅਧਿਐਨ ਕੀਤਾ ਹੈ। ਇਸ ਵਿਚ ਮੈਂ ਕੰਵਲ ਦੇ ਨਾਵਲਾਂ *ਹਾਣੀ* ਅਤੇ *ਰਾਤ ਬਾਕੀ ਹੈ* ਵਿਚਲੇ ਪਾਤਰਾਂ ਦੀ ਬੋਲੀ ਦੇ ਧੁਨੀ ਵਿਗਿਆਨਿਕ ਪੱਖ ਅਤੇ ਵਾਕ ਵਿਗਿਆਨਕ ਪੱਖ ਨੂੰ ਆਧਾਰ

ਬਣਾ ਕੇ ਉਸਦਾ ਸਮਾਜਿਕ ਅਤੇ ਸਭਿਆਚਾਰਕ ਅਧਿਐਨ ਕੀਤਾ ਹੈ ਕਿਉਂਕਿ ਸਮਾਜ ਭਾਸ਼ਾ ਵਿਗਿਆਨਕ ਮੁਲਾਂਕਣ ਦਾ ਉਦੇਸ਼ ਸੰਬੰਧਿਤ ਸਭਿਆਚਾਰ ਵਿਚ ਸੰਚਾਰਿਤ ਅਤੇ ਰੂਪਾਂਤਰਿਤ ਸੰਦੇਸ਼ ਨੂੰ ਪਰਖਣਾ ਹੈ। ਕੰਵਲ ਦੇ ਪਾਤਰ ਕਿਸੇ ਸਮੂਹ ਦੀ ਪ੍ਰਤੀਨਿਧਤਾ ਨਹੀਂ ਕਰਦੇ ਸਗੋਂ ਵੱਖਰੇ-ਵੱਖਰੇ ਵਰਗਾਂ ਨਾਲ ਸੰਬੰਧ ਰੱਖਦੇ ਹਨ ਅਤੇ ਇਸੇ ਕਰਕੇ ਉਨ੍ਹਾਂ ਦੀ ਬੋਲੀ ਸਮਾਜ ਵਿਚ ਆਪਣੇ ਵਰਗ, ਸਥਿਤੀ ਜਾਂ ਦਰਜੇ ਮੁਤਾਬਕ ਬਦਲਦੀ ਹੈ। ਬ੍ਰਿਤਾਂਤਕ ਅਤੇ ਪ੍ਰਤੀਕਾਤਮਕ ਵਿਧੀਆਂ ਨੂੰ ਮੈਂ ਕੰਵਲ ਦੇ ਨਾਵਲਾਂ ਵਿਚਲੀਆਂ ਸਮਾਜਿਕ ਸਮੱਸਿਆਵਾਂ ਨੂੰ ਪ੍ਰਗਟਾਉਣ ਲਈ ਵਰਤਿਆ ਹੈ। ਸਮਾਜਿਕ ਸਮੱਸਿਆਵਾਂ ਨਾਲ ਝੂਝਦੇ ਗਤੀਸ਼ੀਲ ਅਤੇ ਸਥਿਤੀਸ਼ੀਲ ਪਾਤਰਾਂ ਦੀ ਸਥਿਤੀ ਨਾਲ ਬਦਲਦੀ ਬੋਲਚਾਲ ਨੂੰ ਵੀ ਬਿਆਨਿਆ ਹੈ ਅਤੇ ਨਾਲ-ਨਾਲ ਉਨ੍ਹਾਂ ਦੇ ਸਮਾਜਿਕ ਜੀਵਨ ਵਿਚ ਪ੍ਰਚਲਿਤ ਲੋਕ-ਰੂੜ੍ਹੀਆਂ, ਅਨੁਸਠਾਨ ਅਤੇ ਵਿਸ਼ਵਾਸ, ਲੋਕ ਧੰਦਿਆਂ, ਅਖਾਣਾਂ ਅਤੇ ਮੁਹਾਵਰਿਆਂ ਦੀ ਬਹੁਤਾਤ ਵਿਚ ਵਰਤੋਂ ਦਾ ਅਧਿਐਨ ਕੀਤਾ ਗਿਆ ਹੈ।

ਖੋਜ ਪ੍ਰਬੰਧ ਦਾ ਤੀਸਰਾ ਅਧਿਆਇ 'ਮੈਂ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚਲੇ ਭਾਸ਼ਾਈ ਰੂਪਾਂਤਰਣ: ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗ' ਤੋਂ ਹੈ। ਇਸ ਵਿਚ ਮੈਂ *ਹਾਣੀ'* ਅਤੇ *ਰਾਤ ਬਾਕੀ ਹੈ* ਨਾਵਲਾਂ ਵਿਚਲੇ ਉਚ ਵਰਗ, ਮੱਧ ਵਰਗ ਅਤੇ ਨੀਵੇ./ਕਿਰਤੀ ਵਰਗ ਦੇ ਸਮਾਜਿਕ ਯਥਾਰਥ ਨੂੰ ਬਿਆਨਣ ਦੇ ਨਾਲ-ਨਾਲ ਉਨ੍ਹਾਂ ਦੀ ਭਾਸ਼ਾ ਵਿਚ ਕਿਸ ਤਰ੍ਹਾਂ ਵਿਕਾਰ ਆਉਂਦਾ ਹੈ ਅਰਥਾਤ ਰਜਿਸਟਰ ਮੁਤਾਬਕ, ਕਿੱਤੇ ਮੁਤਾਬਕ ਅਤੇ ਰਿਸ਼ਤਾ ਨਾਤਾ ਪ੍ਰਣਾਲੀ ਮੁਤਾਬਕ ਆਉਂਦੇ ਪਰਿਵਤਨਾਂ ਬਾਰੇ ਵਿਚਾਰ ਕੀਤੀ ਹੈ। ਵੱਖੋ-ਵੱਖਰੀਆਂ ਸਥਿਤੀਆਂ ਜਾਂ ਵਰਗ ਅੱਡ-ਅੱਡ ਭਾਸ਼ਾ ਰੂਪਾਂਤਰਾਂ ਦਾ ਕਾਰਨ ਬਣਦੇ ਹਨ ਹਰ ਇਕ ਰੂਪਾਂਤਰ ਇਕ ਵੱਖਰਾ ਰਜਿਸਟਰ ਅਖਵਾਉਂਦਾ ਹੈ। ਭਾਵੇਂ ਸ਼ੈਲੀ ਅਤੇ ਰਜਿਸਟਰ ਜਾਂ ਕਿੱਤੇ ਦੀ ਭਾਸ਼ਾ ਨਾਲ-ਨਾਲ ਚਲਦੀਆਂ ਹਨ। ਪਰ ਸਮਾਜਿਕ ਸਥਿਤੀ ਦੇ ਸੰਦਰਭ ਅਨੁਸਾਰ ਭਾਸ਼ਾ ਵਿਚ ਪਰਿਵਰਤਨ ਵਕਤੇ ਦੀ ਪਦਵੀ, ਜਾਤੀ, ਉਮਰ, ਲਿੰਗ, ਕਿੱਤਾ, ਵਿੱਦਿਆ ਅਤੇ ਧਰਮ ਕਾਰਨ ਵੀ ਆਉਂਦਾ ਹੈ। ਵਕਤੇ ਦੀ ਸਮਾਜਿਕ ਸਥਿਤੀ ਵੀ ਦਰਸਾਉਂਦੀ ਹੈ ਕਿ ਇਹ ਪਰਿਵਰਤਨ ਘਰ

ਵਿਚ ਹੋਇਆ ਜਾਂ ਬਾਹਰ, ਮੈਤਰੀ ਭਾਵਨਾ ਨਾਲ ਜਾਂ ਵੈਰ ਭਾਵਨਾ ਨਾਲ। ਜਿੰਨ੍ਹਾਂ ਵੱਖ-ਵੱਖ ਸਮਾਜਿਕ ਜਾਤੀਆਂ (ਜੱਟ, ਅਮਲੀ, ਬੁੱਢੀਆਂ ਔਰਤਾਂ) ਦੇ ਭਾਸ਼ਾਈ ਰੂਪਾਂਤਰਾਂ ਨੂੰ ਕੰਵਲ ਨੇ ***ਹਾਣੀ*** ਅਤੇ ***ਰਾਤ ਬਾਕੀ ਹੈ*** ਨਾਵਲਾਂ ਵਿਚ ਪੇਸ਼ ਕੀਤਾ ਹੈ, ਬਾਰੇ ਚਰਚਾ ਕੀਤੀ ਹੈ। ਭਾਸ਼ਾਈ ਰੂਪਾਂਤਰਾਂ ਦਾ ਸਮਾਜ ਭਾਸ਼ਾ ਵਿਗਿਆਨਕ ਅਧਿਐਨ ਕਰਨ ਲਈ ਔਰਤ-ਮਰਦ ਦੀ ਭਾਸ਼ਾ, ਉਨ੍ਹਾਂ ਦੇ ਕਿੱਤੇ (ਟਰੱਕ ਡਰਾਈਵਰ ਅਤੇ ਕਲੀਨਰ ਦੀ ਭਾਸ਼ਾ, ਕਾਨੂੰਨੀ ਭਾਸ਼ਾ, ਡਾਕਟਰੀ ਭਾਸ਼ਾ) ਸਥਿਤੀ (ਆਰਥਿਕ, ਸਮਾਜਿਕ, ਧਾਰਮਿਕ) ਅਤੇ ਵਿਸ਼ੇਸ਼ ਰਜਿਸਟਰਾਂ ਮੁਤਾਬਕ ਦਰਜੇ (ਉੱਚਾ, ਨੀਵਾਂ, ਮੱਧ) ਉਮਰ ਅਤੇ ਸ਼੍ਰੇਣੀ ਵੰਡ ਅਨੁਸਾਰ ਵੀ ਭਾਸ਼ਾ ਵਿਚ ਆਉਂਦੀ ਤਬਦੀਲੀ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਖੋਜ ਪ੍ਰਬੰਧ ਦਾ ਚੌਕਾ ਅਧਿਆਇ 'ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦੀ ਬੋਲੀ ਦਾ ਸ਼ੈਲੀਗਤ ਅਧਿਐਨ' ਕੀਤਾ ਗਿਆ ਹੈ। ਇਸ ਵਿਚ ਮੈਂ ਕੰਵਲ ਦੇ ਨਾਵਲਾਂ ***ਹਾਣੀ*** ਅਤੇ ***ਰਾਤ ਬਾਕੀ ਹੈ*** ਦੀ ਬੋਲੀ ਅਤੇ ਸ਼ੈਲੀ ਦੇ ਪਰਸਪਰ ਪ੍ਰਭਾਵ ਅਧੀਨ ਕੰਵਲ ਵਲੋਂ ਵਰਤੀ ਗਈ ਨਾਵਲਾਂ ਵਿਚ ਮਲਵਈ ਬੋਲੀ ਦਾ ਅਧਿਐਨ ਸ਼ੈਲੀ ਵਿਗਿਆਨਕ ਵਿਧੀ ਨੂੰ ਆਧਾਰ ਬਣਾ ਕੇ ਕੀਤਾ ਹੈ। ਸ਼ੈਲੀ ਵਿਗਿਆਨ ਸਾਹਿਤ ਦੇ ਖੇਤਰ ਵਿਚ ਵਿਸ਼ਲੇਸ਼ਣ ਅਤੇ ਮੁਲਾਂਕਣ ਦੀ ਇਕ ਵਿਧੀ ਹੈ। ਕਿਸੇ ਵਿਅਕਤੀ ਦੀ ਬੋਲੀ ਅਤੇ ਸ਼ੈਲੀ ਤੋਂ ਪਤਾ ਲਗਦਾ ਹੈ ਕਿ ਉਹ ਆਪਾ ਕਿਸ ਤਰ੍ਹਾਂ ਪ੍ਰਗਟਾਉਂਦਾ ਹੈ ਅਤੇ ਅਜਿਹਾ ਕਰਨ ਲਈ ਸ਼ਬਦ ਚੋਣ ਕਿੰਞ ਕਰਦਾ ਹੈ। ਨਾਵਲਕਾਰ ਦੀ ਭਾਸ਼ਾ, ਗੱਲ ਕਹਿਣ ਦਾ ਢੰਗ ਅਤੇ ਵਿਸ਼ੇ ਦਾ ਪ੍ਰਗਟਾਅ ਤਿੰਨੇ ਮਿਲਕੇ ਇਕ ਵਧੀਆ ਸ਼ੈਲੀ ਦਾ ਨਿਰਮਾਣ ਕਰਦੇ ਹਨ। ਕੰਵਲ ਨੇ ਆਪਣੇ ਵਿਸ਼ੇ ਨੂੰ ਪ੍ਰਗਟਾਉਂਦੇ ਹੋਏ ਮਲਵਈ ਸ਼ਬਦਾਂ ਦੀ ਬਹੁਲਤਾ ਭਰੀ ਠੇਠ ਪੰਜਾਬੀ ਦੀ ਵਰਤੋਂ ਕੀਤੀ ਹੈ। ਇਸੇ ਬੋਲੀ ਸਦਕਾ ਕੰਵਲ ਮਾਲਵੇ ਦੇ ਪਿੰਡਾਂ ਦੀ ਪ੍ਰਕ੍ਰਿਤੀ, ਸਮਾਜਿਕ ਅਤੇ ਸਭਿਆਚਾਰਕ ਜੀਵਨ ਨੂੰ ਯਥਾਰਥਕ ਰੂਪ ਵਿਚ ਚਿਤਰ ਸਕਿਆ ਹੈ। ਮਲਵਈ ਸ਼ਬਦਾਂ ਦੀ ਬਹੁਲਤਾ ਦੇ ਨਾਲ-ਨਾਲ ਹਿੰਦੀ, ਅੰਗਰੇਜ਼ੀ, ਉਰਦੂ ਅਤੇ ਫਾਰਸੀ ਦੇ ਸ਼ਬਦ ਭੰਡਾਰ ਦਾ ਵੀ ਪੂਰਾ-ਪੂਰਾ ਲਾਭ ਉਠਾਉਂਦਾ ਹੈ। ਆਪਣੀਆਂ ਰਚਨਾਵਾਂ ਵਿਚ ਕੰਵਲ ਨੇ ਸ਼ੈਲੀ ਦੇ ਜਿਨ੍ਹਾਂ ਤੱਤਾਂ ਜਿਵੇਂ- ਸਪੱਸ਼ਟਤਾ, ਸੰਜਮਤਾ, ਨਿਆਇਸ਼ੀਲਤਾ,

ਸਰਲਤਾ, ਵਿਸ਼ੇ ਨੂੰ ਯੋਗ ਅਤੇ ਢੁਕਵੀਂ ਤਰਤੀਬ ਦੇਣਾ, ਵਿਅੰਗ ਤੇ ਹਾਸ-ਬਿਲਾਸ, ਭਾਸ਼ਾ ਦੀ ਠੇਠਤਾ ਆਦਿ ਦੀ ਵਰਤੋਂ ਕੀਤੀ ਹੈ ਬਾਰੇ ਵੀ ਵਿਸ਼ਲੇਸ਼ਣ ਕੀਤਾ ਹੈ। ਇਨ੍ਹਾਂ ਤੱਤਾਂ ਦੇ ਨਾਲ-ਨਾਲ ਅਲੰਕਾਰਾਂ ਦੀ ਵਰਤੋਂ ਕਰਦੇ ਹੋਏ ਉਸ ਨੇ ਆਪਣੇ ਜੀਵਨ ਅਨੁਭਵ ਨੂੰ ਪਾਤਰਾਂ ਦੇ ਪੱਖ ਪਰਦਰਸ਼ਕ ਦੇ ਤੌਰ ਤੇ ਵਰਤਿਆ ਹੈ। ਕੰਵਲ ਨੇ ਸ਼ੈਲੀ ਦੀਆਂ ਕਿਸਮਾਂ (ਵਰਣਨਾਤਮਕ, ਆਤਮ ਕਥਾਤਮਕ/ਸ੍ਵੈ-ਜੀਵਨੀ, ਪੱਤਰਾਤਮਕ/ਡਾਇਰੀ, ਕਾਵਿਮਈ/ਭਾਵਾਤਮਕ, ਯਥਾਰਥਮਈ, ਪ੍ਰਸ਼ਨੋਤਰੀ ਅਤੇ ਵਿਸ਼ਮਿਕ ਸ਼ੈਲੀ) ਦੀ ਵੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਕੰਵਲ ਨੇ ਆਪਣੇ ਨਾਵਲਾਂ ਦੀ ਬੋਲੀ ਨੂੰ ਸਿੰਗਾਰਨ ਲਈ ਚਿੰਨਾਤਮਕ ਅਤੇ ਬਿੰਬਾਤਮਕ ਬਿਆਨ ਦੇ ਨਾਲ-ਨਾਲ ਜਿਨ੍ਹਾਂ ਮੌਲਿਕ ਉਪਮਾਵਾਂ ਦੀ ਵਰਤੋਂ ਕੀਤੀ ਹੈ, ਉਸ ਬਾਰੇ ਵੀ ਵਿਚਾਰ ਕੀਤੀ ਹੈ।

ਇਸ ਤੋਂ ਇਲਾਵਾ ਸਮੁੱਚੇ ਖੋਜ-ਪ੍ਰਬੰਧ ਦੇ ਸਾਰਾਂਸ਼ ਅਤੇ ਪੁਸਤਕ ਸੂਚੀ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਇਸ ਸਮੇਂ ਦੌਰਾਨ ਜਿਹੜੀਆਂ ਵੀ ਪੁਸਤਕਾਂ ਨੂੰ ਆਧਾਰ ਬਣਾਇਆ ਹੈ ਜਾਂ ਜਿਥੋਂ ਵੀ ਕਿਤੋਂ ਸਮੱਗਰੀ ਇਕੱਤਰ ਕੀਤਾ ਹੈ, ਉਸਦਾ ਹਵਾਲਾ ਵੀ ਵਿਸਥਾਰਪੂਰਵਕ ਦਿੱਤਾ ਹੈ।

ਕਿਸੇ ਦੇ ਅਹਿਸਾਨ ਦਾ ਕਾਰਜ ਭਾਵੇਂ 'ਧੰਨਵਾਦ' ਕਹਿਣ ਨਾਲ ਨਹੀਂ ਲਹਿ ਜਾਂਦਾ, ਖੋਜ ਕਾਰਜ ਵਰਗੇ ਇਸ ਕਠਿਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਿੰਨ੍ਹਾ ਸਖਸ਼ੀਅਤਾਂ ਦਾ ਕਿਸੇ ਨਾ ਕਿਸੇ ਪੱਖੋਂ ਯੋਗਦਾਨ ਹੈ, ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨਾ ਮੈਂ ਆਪਣਾ ਨੈਤਿਕ ਫਰਜ ਹੀ ਨਹੀਂ ਸਮਝਦੀ ਸਗੋਂ ਮੇਰੀ ਇਹ ਦਿਲੀ ਤਮੰਨਾ ਵੀ ਹੈ। ਮੈਂ ਤਹਿ ਦਿਲੋਂ ਧੰਨਵਾਦੀ ਹਾਂ,

ਸਭ ਤੋਂ ਪਹਿਲਾਂ ਆਪਣੇ ਨਿਗਰਾਨ ਸਤਿਕਾਰਯੋਗ ਪਰੋਫੈਸਰ ਨਾਹਰ ਸਿੰਘ ਜੀ, ਪ੍ਰੋਫੈਸਰ ਪੰਜਾਬੀ ਅਧਿਐਨ ਸਕੂਲ ਦੀ ਜਿਨ੍ਹਾਂ ਨੇ ਖੋਜ ਕਾਰਜ ਵੇਲੇ ਵਿਸ਼ੇ ਦੀ ਚੋਣ ਤੋਂ ਲੈ ਕੇ ਅੰਤ ਤੱਕ ਹਰ ਪੜਾਅ ਤੇ ਮੇਰੀ ਰਹਿਨੁਮਾਈ ਕੀਤੀ। ਉਨ੍ਹਾਂ ਦੀ ਮਦਦ ਤੋਂ ਬਗੈਰ ਇਹ ਕਾਰਜ ਮੇਰੇ ਵਾਸਤੇ ਸਿਰੇ ਚਾੜ੍ਹਨਾ ਔਖਾ ਸੀ। ਆਪਣੇ ਸਹਿ-ਨਿਗਰਾਨ ਡਾ. ਨਰਿੰਦਰਜੀਤ ਕੌਰ, ਸੀਨੀਅਰ ਲੈਕਚਰਾਰ, ਖਾਲਸਾ ਕਾਲਜ ਫਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ ਦੀ ਜਿਨ੍ਹਾਂ ਤੋਂ ਖੋਜ

ਕਾਰਜ ਦੌਰਾਨ ਮੈਨੂੰ ਨਿਰੰਤਰ ਸਹਿਯੋਗ ਮਿਲਦਾ ਰਿਹਾ ਅਤੇ ਉਹ ਸਦਾ ਮੇਰੀਆਂ ਔਕੜਾਂ ਨੂੰ ਸੌਖ ਵਿਚ ਤਬਦੀਲ ਕਰਨ ਦਾ ਯਤਨ ਕਰਦੇ ਰਹੇ।

ਪ੍ਰੋਫੈਸਰ ਜਗਜੀਤ ਸਿੰਘ, ਚੇਅਰਮੈਨ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਅਤੇ ਸਮੂਹ ਪ੍ਰੋਫੈਸਰ ਸਾਹਿਬਾਨਾਂ ਦੀ, ਜਿਨ੍ਹਾਂ ਨੇ ਮੈਨੂੰ ਖੋਜ ਕਾਰਜ ਲਈ ਸਮੇਂ-ਸਮੇਂ ਤੇ ਸਹੀ ਸੇਧ ਪ੍ਰਦਾਨ ਕੀਤੀ।

ਉਨ੍ਹਾਂ ਸਾਰੇ ਭਾਰਤੀ ਅਤੇ ਵਿਦੇਸ਼ੀ ਲੇਖਕਾਂ ਅਤੇ ਆਲੋਚਕਾਂ ਦੀ ਜਿਨ੍ਹਾਂ ਦੀਆਂ ਰਚਨਾਵਾਂ ਅਤੇ ਵਿਚਾਰਾਂ ਦਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਮੇਰੇ ਇਸ ਕਾਰਜ ਵਿਚ ਉਪਯੋਗ ਹੋਇਆ ਹੈ।

ਆਪਣੇ ਪਿਤਾ ਜੀ ਸਰਦਾਰ ਜਗਜੀਤ ਸਿੰਘ ਅਤੇ ਮਾਤਾ ਜੀ ਸਰਦਾਰਨੀ ਸੁਰਜੀਤ ਕੌਰ ਜੀ ਦੀ ਜਿਨ੍ਹਾਂ ਦੇ ਸਾਏ ਅਤੇ ਮਿਹਰਬਾਨੀ ਸਦਕਾ ਇਸ ਖੋਜ ਕਾਰਜ ਨੂੰ ਖਤਮ ਕਰਨ ਲਈ ਮੈਨੂੰ ਨਿਰੰਤਰ ਪ੍ਰੇਰਨਾ ਅਤੇ ਸਹਾਇਤਾ ਮਿਲਦੀ ਰਹੀ।

ਆਪਣੇ ਛੋਟੇ ਵੀਰ ਸਰਦਾਰ ਅਮਰੀਕ ਸਿੰਘ ਦੀ ਜਿਸਨੇ ਮੇਰੇ ਹਰ ਬੋਲ ਨੂੰ ਹੁਕਮ ਮੰਨ ਕੇ ਸਿਰੇ ਚਾੜ੍ਹਿਆ।

ਆਪਣੀ ਪਰਿਵਾਰਕ ਬਗੀਚੀ ਦੇ ਨੰਨ੍ਹੇ-ਮੁੰਨ੍ਹੇ ਫੁੱਲ ਬੇਟੀ ਪਰਮਪ੍ਰੀਤ ਅਤੇ ਬੇਟਾ ਬਵਨਪ੍ਰੀਤ ਜੋ ਮੇਰੇ ਪੜ੍ਹਾਈ ਦੇ ਵਕਤ ਸਮੇਂ ਮਾਂ-ਪਿਆਰ ਤੋਂ ਵਾਂਝੇ ਰਹੇ ਅਤੇ ਜੀਵਨ-ਸਾਥੀ ਸਰਦਾਰ ਸਤਬੀਰ ਸਿੰਘ ਜੀ ਦੀ, ਜਿਨ੍ਹਾਂ ਨੇ ਮੈਨੂੰ ਗ੍ਰਹਿਸਥੀ ਜੀਵਨ ਦੇ ਨਾਲ ਖੋਜ ਕਾਰਜ ਦੌਰਾਨ ਵੱਧ ਤੋਂ ਵੱਧ ਪੜ੍ਹਨ ਦਾ ਸਮਾਂ ਬਿਨ੍ਹਾਂ ਕਿਸੇ ਰੁਕਾਵਟ ਦੇ ਮੁਹੱਈਆ ਕਰਵਾਇਆ। ਸਰਦਾਰ ਜਗਤਾਰ ਸਿੰਘ ਜੀ ਦੀ, ਜਿਨ੍ਹਾਂ ਨੇ ਇਸ ਖੋਜ ਕਾਰਜ ਨੂੰ ਬੜੀ ਮਿਹਨਤ ਨਾਲ ਟਾਈਪ ਕਰਕੇ ਅੰਤਮ ਰੂਪ ਦੇਣ ਵਿਚ ਸਹਿਯੋਗ ਦਿੱਤਾ। ਮੈਂ ਇਹ ਧੰਨਵਾਦ ਰਿਣਮੁਕਤ ਹੋਣ ਦੀ ਭਾਵਨਾ ਨਾਲ ਨਹੀਂ ਸਗੋਂ ਰਿਣ-ਯੁਕਤ ਹੋਣ ਦੇ ਡੂੰਘੇ ਅਹਿਸਾਸ ਨਾਲ ਕਰ ਰਹੀ ਹਾਂ।

ਅੰਤ ਵਿਚ ਇਹ ਖੋਜ ਕਾਰਜ ਆਦਰ ਸਹਿਤ ਵਿਦਵਾਨਾਂ ਦੇ ਸਨਮੁੱਖ ਪੇਸ਼ ਕਰਦੀ ਹਾਂ।

Jaspal Kaur

ਮਿਤੀ/31-12-2008 (ਜਸਪਾਲ ਕੌਰ)